# ਕਾਦਰਯਾਰ    ਜਮਾਤ-ਦਸਵੀਂ

## 1.ਕਿੱਸਾ ਪੂਰਨ ਭਗਤ

ਅਲਫ਼ ਆਖ ਸਖੀ ਸਿਆਲਕੋਟ ਅੰਦਰ,ਪੂਰਨ ਪੁੱਤ ਸਲਵਾਨ ਨੇ ਜਾਇਆ ਈ ।

ਜਦੋਂ ਜੰਮਿਆ ਰਾਜੇ ਨੂੰ ਖ਼ਬਰ ਹੋਈ,ਸੱਦ ਪੰਡਤਾਂ ਵੇਦ ਪੜ੍ਹਾਇਆ ਈ ।

**ਪ੍ਰਸੰਗ**- ਇਹ ਕਾਵਿ ਟੋਟਾ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਵਿੱਚੋ ਲਿਆ ਗਿਆ ਹੈ ਅਤੇ ਇਹ ਸਾਹਿਤ ਮਾਲਾ ਪੁਸਤਕ ਵਿਚ ਪੂਰਨ ਦਾ ਜਨਮ ਸਿਰਲੇਖ ਹੇਠ ਦਰਜ ਹੈ।ਇਸ ਕਿੱਸੇ ਵਿਚ ਕਵੀ ਨੇ ਪੂਰਨ ਭਗਤ ਦੀ ਜੀਵਨ ਕਥਾ ਨੂੰ ਬਿਆਨ ਕੀਤਾ ਹੈ।ਇੰਨ੍ਹਾਂ ਸਤਰਾਂ ਵਿਚ ਕਵੀ ਨੇ ਰਾਜੇ ਸਲਵਾਨ ਦੇ ਘਰ ਪੂਰਨ ਦੇ ਜਨਮ ਅਤੇ ਜੋਤਸ਼ੀਆਂ ਦੇ ਕਹਿਣ ਅਨੁਸਾਰ ਉਸਦੇ ਭੋਰੇ ਵਿਚ ਪਾਏ ਜਾਣ ਦੀ ਘਟਨਾ ਦਾ ਜ਼ਿਕਰ ਕੀਤਾ ਹੈ।

**ਵਿਆਖਿਆ**-ਕਵੀ ਕਹਿੰਦਾ ਹੈ ਕਿ ਹੇ ਸਖੀ! ਤੂੰ ਦੱਸ ਕਿ ਸਿਆਲਕੋਟ ਵਿਖੇ ਰਾਜੇ ਸਲਵਾਨ ਦੇ ਘਰ ਪੂਰਨ ਨਾਂ ਦਾ ਪੁੱਤਰ ਪੈਦਾ ਹੋਇਆ।ਜਦੋਂ ਉਸਦੇ ਜਨਮ ਦੀ ਰਾਜੇ ਨੂੰ ਖ਼ਬਰ ਹੋਈ ,ਤਾਂ ਉਸਨੇ ਪੰਡਤਾਂ ਨੂੰ ਸੱਦ ਕੇ ਉੰਨਾ ਨੂੰ ਜੋਤਿਸ਼ ਵਿਦਿਆ ਦੀ ਪੁਸਤਕ ਵਾਚ ਕੇ ਬੱਚੇ ਦੇ ਭਵਿੱਖ ਬਾਰੇ ਦੱਸਣ ਲਈ ਕਿਹਾ।ਪੰਡਤਾਂ ਨੇ ਕਿਤਾਬ ਵਿਚ ਜੋ ਕੁਝ ਲਿਖਿਆ ਸੀ,ਉਹ ਕੁਝ ਪੜ੍ਹ ਕੇ ਸੁਣਾ ਦਿੱਤਾ।ਉੰਨਾ ਦੀ ਸਲਾਹ ਅਨੁਸਾਰ ਰਾਜੇ ਨੇ ਪੂਰਨ ਨੂੰ ਬਾਰਾਂ ਸਾਲਾਂ ਲਈ ਭੋਰੇ  ਵਿਚ ਪਾ ਦਿੱਤਾ।ਇਸ ਤਰਾਂ ਪੂਰਨ ਜਦੋਂ ਮਾਂ ਦੀ ਕੁੱਖ ਦੇ ਹਨੇਰੇ

ਵਿੱਚੋਂ ਨਿਕਲਿਆ ਸੀ ਤਾਂ ਉਸਨੂੰ ਦੂਜੇ ਹਨੇਰੇ ਭਾਵ ਭੋਰੇ ਵਿਚ ਪਾ ਦਿੱਤਾ ਗਿਆ ਸੀ।

**ਪ੍ਰਸ਼ਨ - ਪੂਰਨ ਦਾ ਜਨਮ ਕਵਿਤਾ ਦਾ ਕੇਂਦਰੀ ਭਾਵ ਜਾਂ ਸਾਰ ਲਗਭਗ 40 ਸ਼ਬਦਾਂ ਵਿਚ ਲਿਖੋ।**

ਉੱਤਰ- ਸਿਆਲਕੋਟ ਦੇ ਰਾਜੇ ਸਲਵਾਨ ਦੇ ਘਰ ਪੂਰਨ ਦਾ ਜਨਮ ਹੋਇਆ ਜਿਸਨੂੰ ਜੋਤਸ਼ੀਆਂ ਦੇ ਕਹਿਣ ਤੇ ਰਾਜੇ ਨੇ ਬਾਰਾਂ ਸਾਲਾਂ ਲਈ ਭੋਰੇ ਦੀ ਕੋਠੜੀ ਵਿੱਚ ਪਾ ਦਿੱਤਾ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ-ਕਿੱਸਾ ਪੁਰਨ ਭਗਤ ਕਿਸ ਕਵੀ ਦੀ ਰਚਨਾ ਹੈ ?**

ਉੱਤਰ- ਕਾਦਰਯਾਰ

**ਪ੍ਰਸ਼ਨ-ਕਾਦਰਯਾਰ ਨੇ ਕਿਹੜਾ ਪ੍ਰਸਿੱਧ ਕਿੱਸਾ ਲਿਖਿਆ ?**

ਉੱਤਰ- ਕਿੱਸਾ ਪੂਰਨ ਭਗਤ

**ਪ੍ਰਸ਼ਨ-ਕਾਦਰਯਾਰ ਨੇ ਕਿੱਸਾ ਕਿਸ ਰੂਪ ਵਿਚ ਲਿਖਿਆ ?**

ਉੱਤਰ-ਸੀਹਰਫੀ

**ਪ੍ਰਸ਼ਨ-ਪੂਰਨ ਦਾ ਜਨਮ ਕਿੱਥੇ ਹੋਇਆ ?**

ਉੱਤਰ - ਸਿਆਲਕੋਟ

**ਪ੍ਰਸ਼ਨ-ਪੂਰਨ ਦੇ ਬਾਪ ਦਾ ਕੀ ਨਾਂ ਸੀ ?**

ਉੱਤਰ-ਸਲਵਾਨ

**ਪ੍ਰਸ਼ਨ-ਸਲਵਾਨ ਕਿੱਥੋਂ ਦਾ ਰਾਜਾ ਸੀ ?**

ਉੱਤਰ-ਸਿਆਲਕੋਟ

**ਪ੍ਰਸ਼ਨ-ਪੂਰਨ ਨੂੰ ਕਿਸ ਕੋਠੜੀ ਵਿਚ ਪਾ ਦਿੱਤਾ ਗਿਆ ?**

ਉੱਤਰ-ਭੋਰੇ ਵਿਚ

## 2.ਇੱਛਰਾਂ ਨੂੰ ਪੂਰਨ ਦੀ ਸਜ਼ਾ ਦਾ ਪਤਾ ਲੱਗਣਾ

**ਖੇ ਖ਼ਬਰ ਹੋਈ ਰਾਣੀ ਇੱਛਰਾਂ ਨੂੰ,ਜਿਸ ਜਾਇਆ ਪੂਰਨ ਪੁੱਤ ਸਾਈ ।**

**ਚੂੜਾ ਭੰਨ ਤੇ ਤੋੜ ਹਮੇਲ ਬੀੜੇ,ਵਾਲ ਪੁੱਟ ਰਾਣੀ ਸਿਰ ਖ਼ਾਕ ਪਾਈ।**

**ਪ੍ਰਸੰਗ-ਇਹ ਕਾਵਿ ਟੋਟਾ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਵਿੱਚੋਂ ਲਿਆ ਗਿਆ ਹੈ ਅਤੇ ਇਹ ਸਹਿਤਮਾਲਾ ਪੁਸਤਕ ਵਿਚ ਇੱਛਰਾਂ ਨੂੰ ਪੂਰਨ ਦੀ ਸਜਾ ਦਾ ਪਤਾ ਲੱਗਣਾ ਸਿਰਲੇਖ ਹੇਠ ਦਰਜ ਹੈ।ਇਸ ਕਿੱਸੇ ਵਿਚ ਕਵੀ ਨੇ ਪੂਰਨ ਭਗਤ ਦੀ ਕਥਾ ਨੂੰ ਬਿਆਨ ਕੀਤਾ ਹੈ।ਇੰਨ੍ਹਾਂ ਸਤਰਾਂ ਵਿਚ ਕਵੀ**

ਪੂਰਨ ਦੀ ਮਾਤਾ ਇੱਛਰਾ ਦੇ ਉਸ ਸਮੇਂ ਦੇ ਦੁੱਖ ਨੂੰ ਬਿਆਨ ਕਰਦਾ ਹੈਂ ਜਦੋਂ ਉਸਨੂੰ ਲੂਣਾ ਦੀ ਤੋਹਮਤ ਕਾਰਣ ਪੂਰਨ ਵਿਰੁੱਧ ਰਾਜੇ ਦੇ ਗੁੱਸੇ ਦੀ ਖ਼ਬਰ ਮਿਲਦੀ ਹੈ।

ਵਿਆਖਿਆ-ਕਾਦਰਯਾਰ ਲਿਖਦਾ ਹੈ ਕਿ ਜਦੋਂ ਪੂਰਨ ਨੂੰ ਜਨਮ ਦੇਣ ਵਾਲੀ ਮਾਤਾ ਰਾਣੀ ਇੱਛਰਾ ਨੂੰ ਪੂਰਨ ਵਿਰੁੱਧ ਰਾਜੇ ਦੇ ਗੁੱਸੇ ਦਾ ਪਤਾ ਲੱਗਾ ਤਾਂ ਉਸਨੇ ਦੁੱਖੀ ਹੋਈ ਨੇ ਆਪਣਾ ਚੂੜਾ ਭੰਨ ਦਿੱਤਾ।ਉਸਨੇ ਗਲ ਦੇ ਹਮੇਲਾਂ ਤੇ ਬੀੜੇ ਤੋੜ ਕੇ ਸੁੱਟ ਦਿੱਤੇ।ਉਸਨੇ ਆਪਣੇ ਵਾਲ ਪੁੱਟ ਕੇ ਆਪਣੇ ਸਿਰ ਵਿਚ ਮਿੱਟੀ ਪਾ ਲਈ।ਅਸਲ ਵਿਚ ਮਾਵਾਂ ਲਈ ਪੁੱਤਰਾਂ ਦੇ ਦੁੱਖ ਦਾ ਜਖਮ ਬੜਾ ਬੁਰਾ ਹੁੰਦਾ ਹੈ।ਰਾਣੀ ਇੱਛਰਾ ਆਪਣੇ ਪਿਆਰੇ ਪੁੱਤਰ ਦੇ ਸਿਰ ਮੁਸੀਬਤ ਬਣੀ ਦੇਖਕੇ ਭੱਜ ਕੇ ਰਾਜੇ ਸਲਵਾਨ ਦੇ ਕੋਲ ਪੁੱਜੀ ਅਤੇ ਖੜ੍ਹੋ ਕੇ ਪੁਕਾਰਦੀ ਹੋਈ ਕਹਿਣ ਲੱਗੀ ਕਿ ਉਸਦਾ ਉਸ ਨਾਲ ਕੀ ਵੈਰ ਸੀ ਕਿ ਉਹ ਉਸਦੇ ਪੁੱਤਰ ਨੂੰ ਮਾਰਨ ਤੇ ਭੁੱਲ ਗਿਆ ਹੈ।

ਪ੍ਰਸ਼ਨ-ਇੱਛਰਾ ਨੂੰ ਪੂਰਨ ਦੀ ਸਜਾ ਦਾ ਪਤਾ ਲੱਗਣਾ ਕਵਿਤਾ ਦਾ ਕੇਂਦਰੀ ਭਾਵ ਲਗਭਗ 40 ਸ਼ਬਦਾਂ ਵਿਚ ਲਿਖੋ।

ਉੱਤਰ-ਲੂਣਾ ਦੀ ਝੂਠੀ ਤੋਹਮਤ ਕਾਰਣ ਰਾਜੇ ਦੇ ਪੂਰਨ ਵਿਰੁੱਧ ਗੁੱਸੇ ਬਾਰੇ ਸੁਣ ਕੇ ਉਸਦੀ ਮਾਤਾ ਇੱਛਰਾਂ ਦੀ ਹਾਲਤ ਬਹੁਤ ਬੁਰੀ ਹੋਈ ਅਤੇ ਉਸਦੇ ਵਿਛੋੜੇ ਵਿਚ ਰੋ ਰੋ ਕੇ ਅੰਨੀ ਹੋ ਗਈ।ਜੱਲਾਦਾਂ ਨੇ ਪੂਰਨ ਨੂੰ ਜੰਗਲ ਵਿਚ ਲਿਜਾ ਕੇ ਉਸਦੇ ਹੱਥ ਪੈਰ ਵੱਢ ਕੇ ਉਸਨੂੰ ਖੂਹ ਵਿਚ ਸੁੱਟ ਦਿੱਤਾ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ-ਇੱਛਰਾਂ ਕੌਣ ਸੀ ?**

ਉੱਤਰ-ਪੂਰਨ ਦੀ ਮਾਂ

**ਪ੍ਰਸ਼ਨ-ਪੂਰਨ ਦੇ ਗ਼ਮ ਵਿਚ ਮਾਂ ਇੱਛਰਾਂ ਦੀ ਕੀ ਹਾਲਤ ਹੋਈ ?**

ਉੱਤਰ-ਰੋ ਰੋ ਅੰਨ੍ਹੀ ਹੋ ਗਈ।

**ਪ੍ਰਸ਼ਨ-ਜੱਲਾਦ ਪੂਰਨ ਨੂੰ ਕਿੱਥੇ ਲੈ ਗਏ ?**

ਉੱਤਰ -ਜੰਗਲ ਵਿਚ

**ਪ੍ਰਸ਼ਨ-ਪੂਰਨ ਦੇ ਕਿਹੜੇ ਅੰਗ ਵੱਢ ਦਿੱਤੇ ਗਏ ?**

ਉੱਤਰ-ਹੱਥ ਪੈਰ

**ਪ੍ਰਸ਼ਨ-ਪੂਰਨ ਨੂੰ ਕਿੱਥੇ ਸੁੱਟ ਦਿੱਤਾ ਗਿਆ ?**

ਉੱਤਰ-ਖ਼ੂਹ ਵਿਚ

**ਪ੍ਰਸ਼ਨ-ਲੂਣਾ ਕੌਣ ਸੀ ?**

ਉੱਤਰ-ਪੂਰਨ ਦੀ ਮਤਰੇਈ ਮਾਂ ।

## 3 ਮਾਂ-ਪੁੱਤਰ ਦਾ ਮੇਲ

ਮੀਮ ਮਿਲਣ ਆਈ ਮਾਤਾ ਇੱਛਰਾਂ ਏ,ਦੱਸੋ ਮੈਨੂੰ ਲੋਕੋ ਆਇਆ ਸਾਧ ਕੋਈ ।

ਮੇਰੇ ਪੁੱਤਰ ਦਾ ਬਾਗ ਵੈਰਾਨ ਪਿਆ,ਫੇਰ ਲੱਗਾ ਹੈ ਕਰਨ ਆਬਾਦ ਕੋਈ ।

**ਪ੍ਰਸੰਗ- ਇਹ ਕਾਵਿ ਟੋਟਾ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਵਿੱਚੋ ਲਿਆ ਗਿਆ ਹੈ ਅਤੇ ਇਹ ਸਾਹਿਤ ਮਾਲਾ ਪੁਸਤਕ ਵਿਚ ਮਾਂ-ਪੁੱਤਰ ਦਾ ਮੇਲ ਸਿਰਲੇਖ ਹੇਠ ਦਰਜ ਹੈ।ਇਸ ਕਿੱਸੇ ਵਿਚ ਕਵੀ ਨੇ ਪੂਰਨ ਭਗਤ ਦੀ ਜੀਵਨ ਕਥਾ ਬਿਆਨ ਕੀਤੀ ਹੈ।ਇਸ ਕਾਵਿ ਟੋਟੇ ਦਾ ਸੰਬੰਧ ਉਸ ਘਟਨਾ ਨਾਲ ਹੈ ਜਦੋਂ ਜੋਗੀ ਬਣਿਆ ਪੂਰਨ ਸਿਆਲਕੋਟ ਵਿਖੇ ਆਪਣੇ ਬਾਗ ਵਿਚ ਆਉਂਦਾ ਹੈ ਤੇ ਉਸਦੀ ਮਹਿਮਾ ਸੁਣ ਕੇ ਪੁੱਤਰ ਵਿਛੋੜੇ ਵਿੱਚ ਰੋ ਰੋ ਕੇ ਅੰਨ੍ਹੀ ਹੋਈ ਮਾਂ ਇੱਛਰਾਂ ਨੂੰ ਮਿਲਣ ਲਈ ਆਉਂਦੀ ਹੈ।**

**ਵਿਆਖਿਆ-ਕਾਦਰਯਾਰ ਲਿਖਦਾ ਹੈ ਕਿ ਪੂਰਨ ਦੀ ਮਾਂ ਇੱਛਰਾ ਲੋਕਾਂ ਨੂੰ ਕਹਿ ਰਹੀ ਸੀ ਕਿ ਉਹ ਉਸਨੂੰ ਦੱਸਣ ਕਿ ਕੀ ਇਹ ਗੱਲ ਠੀਕ ਹੈ ਕਿ ਇੱਥੇ ਕੋਈ ਸਾਧੂ ਆਇਆ ਹੈ ? ਕੀ ਉਹ ਠੀਕ ਹੀ ਉਸਦੇ ਪੁੱਤਰ ਦੇ ਉਜੜੇ ਤੇ ਵੀਰਾਨ ਪਏ ਬਾਗ ਨੂੰ ਮੁੜ ਆਬਾਦ ਕਰਨ ਲੱਗਾ ਹੈ।ਉਹ ਵੀ ਉਸਨੂੰ ਮਿਲਣ ਲਈ ਜਾਣਾ ਚਾਹੁੰਦੀ ਹੈ, ਤਾਂ ਜੋ ਉਹ ਵੀ ਉਸਤੋਂ ਆਪਣੀ ਅੰਨੀਆਂ ਅੱਖਾਂ ਦਾ**

**ਕੋਈ ਦਾਰੂ ਲੈ ਆਵੇ? ਉਸਦੇ ਪੁੱਤਰ ਪੂਰਨ ਨੇ ਆਪਣੇ ਵਿਛੋੜੇ ਨਾਲ ਉਸਦੇ ਜਿਉਣ ਦਾ ਕੋਈ ਸਵਾਦ ਹੀ ਨਹੀਂ ਰਹਿਣ ਦਿੱਤਾ।**

**ਉਹ ਕਹਿ ਰਹੀ ਸੀ ਕਿ ਉਹ ਸਮਝੇਗੀ ਕਿ ਉਸਨੂੰ ਜੀਵਨ ਵਿਚ ਸਭ ਕੁਝ ਪ੍ਰਾਪਤ ਹੋ ਗਿਆ ਹੈ ,ਜੇਕਰ ਕੋਈ ਉਸਨੂੰ ਦਾਰੂ ਦੇ ਕੇ ਉਸਦੀਆਂ ਅੰਨੀਆਂ ਅੱਖਾਂ ਨੂੰ ਠੀਕ ਕਰਨ ਦੀ ਮੁਰਾਦ ਨੂੰ ਪੂਰੀ ਕਰ ਦੇਵੇ।**

ਪ੍ਰਸ਼ਨ-ਮਾਂ-ਪੁੱਤਰ ਦਾ ਮੇਲ ਕਵਿਤਾ ਦਾ ਕੇਂਦਰੀ ਭਾਵ 40 ਸ਼ਬਦਾਂ ਵਿਚ ਲਿਖੋ।

**ਉੱਤਰ-** ਸਿਆਲਕੋਟ ਵਿਖੇ ਆਪਣੇ ਬਾਗ ਵਿਚ ਬੈਠੇ ਆਪਣੇ ਪੂਰਨ ਭਗਤ ਦੀ ਪ੍ਰਸਿੱਧੀ ਫੈਲਣ ਨਾਲ ਉਸਦੀ ਅੰਨੀਂ ਮਾਤਾ ਇੱਛਰਾ ਡਿਗਦੀ ਹੋਈ ਉਸਨੂੰ ਮਿਲਣ ਆਈ ਤੇ ਮਾਤਾ ਨੇ ਉਸਦੀ ਅਵਾਜ ਪਛਾਣ ਕੇ ਉਸਦਾ ਖ਼ਾਨਦਾਨ ਪੁੱਛਿਆ।ਉਸਦੇ ਅਸਲੀਅਤ ਦੱਸਣ ਤੇ ਮਾਤਾ ਦੀ ਨਜ਼ਰ ਪਰਤ ਆਈ ਤੇ ਇਸ ਤਰਾਂ ਮਾਂ-ਪੁੱਤਰ ਦਾ ਮੇਲ ਹੋ ਗਿਆ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ-ਸਾਧ ਕੌਣ ਸੀ ?**

ਉੱਤਰ-ਪੂਰਨ ਭਗਤ

**ਪ੍ਰਸ਼ਨ-ਮਾਤਾ ਇੱਛਰਾ ਸਾਧ ਨੂੰ ਮਿਲਣ ਲਈ ਕਿਓਂ ਗਈ ?**

ਉੱਤਰ-ਅੱਖਾਂ ਦਾ ਦਾਰੂ ਲੈਣ ਲਈ

**ਪ੍ਰਸ਼ਨ-ਸਾਧ ਨੇ ਕਿੱਥੇ ਡੇਰਾ ਲਾਇਆ ਸੀ ?**

ਉੱਤਰ-ਬਾਗ ਵਿਚ

**ਪ੍ਰਸ਼ਨ-ਇੱਛਰਾ ਦੀਆਂ ਅੱਖਾਂ ਅੰਨਿਆਂ ਕਿਉਂ ਹੋਈਆਂ ਸਨ?**

ਉੱਤਰ-ਪੁੱਤਰ ਵਿਛੋੜੇ ਵਿੱਚ ਰੋਂਦਿਆ

**ਪ੍ਰਸ਼ਨ-ਅਰਜਨ ਕੌਣ ਸੀ ?**

ਉੱਤਰ- ਪਾਂਡਵਾਂ ਦਾ ਭਰਾ

**ਪ੍ਰਸ਼ਨ-ਕਾਦਰਯਾਰ ਕਿਸ ਧਾਰਾ ਦਾ ਕਵੀ ਸੀ ?**

ਉੱਤਰ-ਕਿੱਸਾ ਕਾਵਿ ਧਾਰਾ



ਤਿਆਰ ਕਰਤਾ

ਪ੍ਰੋ.ਰਾਮਕੁਮਾਰ ਵਰਮਾ

ਮੋਬਾਇਲ – 75087-27529

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੰ.ਰਣ ਸਿੰਘ।